**ਨੋਟ:** ਪੰਜਾਬ ਸਰਕਾਰ ਵੱਲੋਂ 1967 ਵਿਚ ਬਣਾਏ ਪੰਜਾਬ ਰਾਜ ਭਾਸ਼ਾ ਐਕਟ ਅਤੇ ਇਸ ਐਕਟ ਵਿਚ ਸਾਲ 1969 ਅਤੇ 1982 ਵਿਚ ਜੋ ਸੋਧਾਂ ਕੀਤੀਆਂ ਗਈਆਂ ਉਹ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਉਪਲੱਬਧ ਹਨ। ਸਾਲ 2008 ਵਿਚ ਜੋ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਪਾਸ ਕੀਤਾ ਗਿਆ ਇਸ ਦਾ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਪਾਠ ਵੀ ਉਪਲੱਬਧ ਹੈ। ਇਹ ਪੰਜਾਬ ਰਾਜ ਭਾਸ਼ਾ ਐਕਟ 1967 ਦਾ, ਸੋਧਾਂ ਸਮੇਤ ਪੰਜਾਬੀ ਪਾਠ ਹੈ। ਇਸ ਪਾਠ ਵਿਚ ਰਾਜ ਭਾਸ਼ਾ (ਤਰਮੀਮ) ਐਕਟ 2008 ਦਾ ਮੂਲ ਸਰਕਾਰੀ ਪੰਜਾਬੀ ਪਾਠ ਹੂ-ਬ-ਹੂ ਸ਼ਾਮਲ ਕੀਤਾ ਗਿਆ ਹੈ। ਇਸ ਅਨੁਵਾਦ ਦੇ ਅਣਅਧਿਕਾਰਤ ਹੋਣ ਕਾਰਨ ਇਸ ਦੀ ਅਦਾਲਤੀ ਕੰਮ-ਕਾਜ ਲਈ ਵਰਤੋਂ ਨਹੀਂ ਹੋ ਸਕਦੀ।

# ਪੰਜਾਬ ਰਾਜ ਭਾਸ਼ਾ ਐਕਟ, 1967

(1967 ਦਾ ਐਕਟ ਨੰਬਰ 5)

(ਪੰਜਾਬ ਦੇ ਰਾਜਪਾਲ ਦੀ ਮੰਨਜ਼ੂਰੀ 29 ਦਸੰਬਰ, 1967 ਨੂੰ ਪ੍ਰਾਪਤ ਹੋਣ ਤੇ ਪਹਿਲੀ ਵਾਰ ਪੰਜਾਬ ਸਰਕਾਰ ਦੇ ਗਜ਼ਟ (ਵਿਸ਼ੇਸ਼ ਦੇ ਵੇਧਾਨਿਕ ਸਪਲੀਮੈਂਟ ਪਾਰਟ-1 ਵਿਚ 29 ਦਸੰਬਰ, 1967 ਨੂੰ ਛਪਿਆ)

| 1 | 2 | 3 | 4 |
|---|---|---|---|
| ਸਾਲ | ਨੰਬਰ | ਛੋਟਾ ਸਿਰਲੇਖ | ਕਾਨੂੰਨ ਰਾਹੀਂ ਕੀਤੀਆਂ ਸੋਧਾਂ |
| 1967 | 5 | ਪੰਜਾਬ ਭਾਸ਼ਾ ਐਕਟ, 1967 | (1) 1969 ਦੇ ਪੰਜਾਬ ਐਕਟ ਨੰਬਰ 11 ਰਾਹੀਂ ਸੋਧਿਆ ਗਿਆ<br>(2) 1970 ਦੇ ਕਾਨੂੰਨ ਅਪਨਾਣ ਦੇ ਆਦੇਸ਼ ਰਾਹੀਂ ਸੋਧਿਆ ਗਿਆ<br>(3) 1982 ਦੇ ਪੰਜਾਬ ਐਕਟ ਨੰਬਰ 12 ਰਾਹੀਂ ਸੋਧਿਆ ਗਿਆ<br>(4) 2008 ਦੇ ਪੰਜਾਬ ਐਕਟ ਨੰਬਰ 25 ਰਾਹੀਂ ਸੋਧਿਆ ਗਿਆ |

ਪੰਜਾਬੀ ਨੂੰ ਪੰਜਾਬ ਰਾਜ ਵਿਚ ਸਾਰੇ ਜਾਂ ਕੁਝ ਸਰਕਾਰੀ ਮੰਤਵਾਂ ਲਈ ਪ੍ਰਯੋਗ ਹੋਣ ਵਾਲੀ ਭਾਸ਼ਾ ਦੇ ਤੌਰ ਤੇ ਅਪਨਾਣ ਦਾ ਪ੍ਰਬੰਧ ਕਰਨ ਲਈ ਇੱਕ ਕਾਨੂੰਨ।

ਭਾਰਤੀ ਲੋਕ ਰਾਜ ਦੇ 18ਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਇਹ ਐਕਟ ਹੇਠ ਲਿਖੇ ਅਨੁਸਾਰ ਬਣੇ:

1. ਸੰਖੇਪ ਨਾਂ, ਵਿਸਤਾਰ ਅਤੇ ਆਰੰਭ

   (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ ਐਕਟ, 1967 ਕਿਹਾ ਜਾ ਸਕੇਗਾ।

   (2) ਇਹ ਪੂਰੇ ਪੰਜਾਬ ਰਾਜ ਵਿਚ ਲਾਗੂ ਹੋਵੇਗਾ।

   (3) ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

2. ਪਰਿਭਾਸ਼ਾਵਾਂ: ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ-

   (ਏ) 'ਪੰਜਾਬੀ' ਤੋਂ ਭਾਵ ਹੈ ਗੁਰਮੁਖੀ ਲਿੱਪੀ ਵਿਚ ਲਿਖੀ ਪੰਜਾਬੀ

   (ਬੀ) 'ਰਾਜ ਸਰਕਾਰ' ਤੋਂ ਭਾਵ ਹੈ ਪੰਜਾਬ ਰਾਜ ਦੀ ਸਰਕਾਰ

3. **ਪੰਜਾਬੀ ਰਾਜ ਦੀ ਰਾਜ ਭਾਸ਼ਾ-** ਪੰਜਾਬੀ ਪੰਜਾਬ ਰਾਜ ਦੀ ਰਾਜ ਭਾਸ਼ਾ ਹੋਵੇਗੀ।

***'**3-ਏ(1): ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤਹਿਤ ਸਾਰੀਆਂ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਜਾਂ ਟ੍ਰਿਬਿਊਨਲਾਂ ਵਿਚ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।

**ਵਿਆਖਿਆ:** ਇਸ ਧਾਰਾ ਵਿਚ ਆਏ ਸ਼ਬਦਾਂ 'ਦੀਵਾਨੀ ਅਦਾਲਤਾਂ' ਅਤੇ 'ਫੌਜਦਾਰੀ ਅਦਾਲਤਾਂ' ਤੋਂ ਉਹੀ ਭਾਵ ਲਿਆ ਜਾਵੇਗਾ ਜੋ ਉਹਨਾਂ ਨੂੰ ਕ੍ਰਮਵਾਰ ਕੋਡ ਆਫ ਸਿਵਲ ਪਰੋਸੀਜ਼ਰ, 1908 ਅਤੇ ਕੋਡ ਆਫ ਕਰਿਮੀਨਲ ਪਰੋਸੀਜ਼ਰ, 1973 ਰਾਹੀਂ ਦਿੱਤਾ ਗਿਆ ਹੈ।

(2) ਸਬੰਧਤ ਪ੍ਰਬੰਧਕੀ ਵਿਭਾਗ ਉਪਰੋਕਤ ਉਪ ਧਾਰਾ (1), ਵਿਚ ਦਰਜ ਅਦਾਲਤਾਂ ਅਤੇ ਟ੍ਰਿਬਿਊਨਲਾਂ ਨੂੰ ਲੋੜੀਂਦਾ ਸਾਰੋ ਸਾਮਾਨ ਅਤੇ ਉਹਨਾਂ ਦੇ ਕਰਮਚਾਰੀਆਂ ਨੂੰ ਲੋੜੀਂਦੀ ਸਿਖਲਾਈ, ਇਸ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਮੁਹੱਈਆ ਕਰਵਾ ਕੇ ਇਸ ਧਾਰਾ ਨੂੰ ਲਾਗੂ ਕਰਵਾਉਣਾ ਯਕੀਨੀ ਬਣਾਏਗਾ।

**3-ਬੀ: ਰਾਜ ਸਰਕਾਰ ਦੇ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਦਫਤਰਾਂ ਆਦਿ ਵਿਚ ਪੰਜਾਬੀ ਦੀ ਵਰਤੋਂ ਬਾਰੇ:** ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਸਾਰਾ ਕੰਮ ਕਾਜ ਪੰਜਾਬੀ ਵਿਚ ਕੀਤਾ ਜਾਵੇਗਾ।'

4. **ਸਰਕਾਰ ਦੀਆਂ ਪੰਜਾਬੀ ਦੀ ਸਰਕਾਰੀ ਕਾਰਜਾਂ ਲਈ ਵਰਤੋਂ ਕਰਨ ਦੇ ਮੰਤਵਾਂ ਬਾਰੇ ਨੋਟੀਫਿਕੇਸ਼ਨ ਕੱਢਣ ਦੀਆਂ ਸ਼ਕਤੀਆਂ:** ਰਾਜ ਸਰਕਾਰ ਸਮੇਂ ਸਮੇਂ, ਨੋਟੀਫਿਕੇਸ਼ਨ ਰਾਹੀਂ, ਇਹ ਨਿਰਦੇਸ਼ ਦੇ ਸਕਦੀ ਹੈ ਕਿ ਨੋਟੀਫਿਕੇਸ਼ਨ ਵਿਚ ਪ੍ਰਕਾਸ਼ਤ ਕਿਹੜੇ ਸਰਕਾਰੀ ਕਾਰਜਾਂ ਲਈ ਅਤੇ ਕਿਹੜੀ ਤਾਰੀਖ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ।

5. **ਬਿਲਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਭਾਸ਼ਾ:** ਰਾਜ ਸਰਕਾਰ, ਉਸ ਤਾਰੀਖ ਤੋਂ ਅਤੇ ਅੱਗੇ ਤੋਂ, ਜੋ ਰਾਜ ਸਰਕਾਰ, ਅਧਿਸੂਚਨਾ ਰਾਹੀਂ, ਨਿਰਧਾਰਤ ਕਰੇਗੀ,

(ਏ) ਰਾਜ ਦੀ ਵਿਧਾਨ ਸਭਾ ਵਿਚ ਹਰ ਤਰ੍ਹਾਂ ਦੇ ਬਿੱਲ ਪੇਸ਼ ਕਰਨ ਲਈ, ਉਨ੍ਹਾਂ ਵਿਚ ਸੋਧਾਂ ਪੇਸ਼ ਕਰਨ ਲਈ,

(ਬੀ) ਰਾਜ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਸਾਰੇ ਐਕਟ,

(ਸੀ) ਰਾਜਪਾਲ ਜੀ ਵੱਲੋਂ ਸੰਵਿਧਾਨ ਦੀ ਧਾਰਾ 213 ਦੇ ਅਧੀਨ ਮੰਨਜ਼ੂਰ ਕੀਤੇ ਸਾਰੇ ਆਰਡੀਨੈਂਸ, ਅਤੇ

(ਡੀ) ਰਾਜ ਸਰਕਾਰ ਵੱਲੋਂ ਸੰਵਿਧਾਨ ਦੇ ਤਹਿਤ, ਜਾਂ ਸੰਸਦ ਵੱਲੋਂ ਜਾਂ ਰਾਜ ਦੀ ਵਿਧਾਨ ਸਭਾ ਵੱਲੋਂ ਬਣਾਏ ਕਿਸੇ ਕਾਨੂੰਨ ਦੇ ਤਹਿਤ, ਜਾਰੀ ਕੀਤੇ ਸਾਰੇ ਹੁਕਮ, ਨਿਯਮ, ਰੈਗੂਲੇਸ਼ਨ ਅਤੇ ਉਪ-ਨਿਯਮ ਪੰਜਾਬੀ ਵਿਚ ਹੋਣਗੇ।

ਪਰੰਤੂ ਰਾਜ ਸਰਕਾਰ ਉਪ-ਧਾਰਾ (ਏ) ਤੋਂ (ਡੀ) ਵਿਚ ਜ਼ਿਕਰ ਕੀਤੇ ਵੱਖ ਵੱਖ ਮੰਤਵਾਂ ਲਈ ਵੱਖ ਵੱਖ ਤਾਰੀਖਾਂ ਨਿਰਧਾਰਤ ਕਰ ਸਕਦੀ ਹੈ।

6. **ਰਾਜ ਦੀ ਵਿਧਾਨ ਪਾਲਕਾ ਵਿਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਜਾਰੀ ਰਹਿਣ ਬਾਰੇ:** ਜਦੋਂ ਤੱਕ ਰਾਜ ਸਰਕਾਰ ਧਾਰਾ 4 ਦੇ ਅਧੀਨ ਅਧਿਸੂਚਨਾ ਰਾਹੀਂ ਕਿਸੇ ਹੋਰ ਤਰ੍ਹਾਂ ਦਾ ਹੁਕਮ ਜਾਰੀ ਨਹੀਂ ਕਰਦੀ, ਉਦੋਂ ਤੱਕ ਅੰਗਰੇਜ਼ੀ ਦੀ ਵਰਤੋਂ, ਰਾਜ ਦੀ ਵਿਧਾਨ ਸਭਾ ਵਿਚ ਕਾਰੋਬਾਰ ਲਈ, ਰਾਜ ਦੀ ਸਰਕਾਰੀ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ, ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖ ਸਕੇਗੀ।

*6-ਏ **ਕੇਂਦਰ ਅਤੇ ਰਾਜ ਦੇ ਕਾਨੂੰਨਾਂ ਆਦਿ ਦਾ ਅਧਿਕਾਰਕ ਅਨੁਵਾਦ:** ਰਾਜਪਾਲ ਜੀ ਦੇ ਅਧਿਕਾਰ ਅਧੀਨ ਰਾਜ ਦੇ ਸਰਕਾਰੀ ਗਜ਼ਟ ਵਿਚ, ਅਜਿਹੀ ਅਧਿਸੂਚਨਾ ਵਿਚ ਨਿਰਧਾਰਤ ਤਾਰੀਖ ਅਤੇ ਉਸ ਤੋਂ ਬਾਅਦ ਛਪਿਆ ਕੋਈ ਅਧਿਕਾਰਕ ਪੰਜਾਬੀ ਅਨੁਵਾਦ:

*(ਏ) ਕਿਸੇ ਕੇਂਦਰੀ ਕਾਨੂੰਨ ਜਾਂ ਰਾਸ਼ਟਰਪਤੀ ਵੱਲੋਂ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸੂਚੀ-3 ਵਿਚ ਦਰਜ ਕਿਸੇ ਵੀ ਵਿਸ਼ੇ ਤੇ ਜਾਰੀ ਕੀਤੇ ਕਿਸੇ ਆਰਡੀਨੈਂਸ ਦਾ

**(ਏ ਏ) ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸੂਚੀ-2 ਵਿਚ ਦਰਜ ਕਿਸੇ ਵੀ ਮੰਤਵ ਲਈ, ਸੰਵਿਧਾਨ ਦੇ ਆਰੰਭ ਤੋਂ ਪਹਿਲਾਂ ਬਣਾਏ ਕਿਸੇ ਕਾਨੂੰਨ ਦਾ

(ਏ ਏ ਏ) ਸੰਵਿਧਾਨ ਦੀ ਧਾਰਾ 252 ਦੇ ਅਧੀਨ ਪਾਸ ਕੀਤੇ ਕਿਸੇ ਵੀ ਐਕਟ ਦਾ

(ਬੀ) ਰਾਜ ਦੇ ਕਿਸੇ ਵੀ ਐਕਟ ਜਾਂ ਰਾਜਪਾਲ ਵੱਲੋਂ ਜਾਰੀ ਕਿਸੇ ਵੀ ਆਰਡੀਨੈਂਸ, ਜਾਂ

(ਸੀ) ਰਾਜ ਸਰਕਾਰ ਵੱਲੋਂ ਸੰਵਿਧਾਨ ਦੇ ਤਹਿਤ ਜਾਂ ਸੰਸਦ ਜਾਂ ਰਾਜ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਿਸੇ ਕਾਨੂੰਨ ਦੇ ਤਹਿਤ ਜਾਰੀ ਕੀਤੇ ਕਿਸੇ ਹੁਕਮ, ਨਿਯਮ, ਰੈਗੂਲੇਸ਼ਨ ਅਤੇ ਉਪ-ਨਿਯਮਾਂ ਦਾ ਪੰਜਾਬੀ ਅਨੁਵਾਦ ਉਸ ਦਾ ਅਧਿਕਾਰਕ ਪਾਠ ਮੰਨਿਆ ਜਾਵੇਗਾ।

7. **ਵਿਅਕਤੀ ਦਾ ਰਾਜ ਵਿਚ ਪ੍ਰਯੋਗ ਹੋ ਰਹੀ ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਦਾ ਅਧਿਕਾਰ:** ਇਸ ਐਕਟ ਵਿਚਲਾ ਕੁਝ ਵੀ ਕਿਸੇ ਵਿਅਕਤੀ ਨੂੰ ਆਪਣੇ ਕਿਸੇ ਗਿਲੇ ਨੂੰ ਦੂਰ ਕਰਵਾਉਣ ਲਈ, ਕਿਸੇ ਵੀ ਅਫਸਰ ਜਾਂ ਅਥਾਰਟੀ ਨੂੰ, ਰਾਜ ਵਿਚ ਪ੍ਰਯੋਗ ਹੋ ਰਹੀ, ਹਿੰਦੀ ਸਮੇਤ, ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਤੋਂ ਵੰਚਿਤ ਨਹੀਂ ਕਰੇਗਾ।

8. **ਹਿੰਦੀ ਭਾਸ਼ਾ ਦਾ ਪ੍ਰਸਾਰ:** ਇਸ ਐਕਟ ਵਿਚਲੀਆਂ ਵਿਵਸਥਾਵਾਂ ਤੋਂ ਪ੍ਰਭਾਵ ਲਏ ਬਗੈਰ, ਰਾਜ ਸਰਕਾਰ ਹਿੰਦੀ ਭਾਸ਼ਾ ਦੇ ਪ੍ਰਸਾਰ ਲਈ ਲੋੜੀਂਦੇ ਕਦਮ ਚੁੱਕੇਗੀ।

***'**8-ਏ: ਮੁਆਇਨਾ ਕਰਨ ਦੀ ਤਾਕਤ:** ਡਾਇਰੈਕਟਰ ਭਾਸ਼ਾ ਵਿਭਾਗ ਜਾਂ ਉਸ ਦੇ ਅਧੀਨ ਅਤੇ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3(ੳ) ਅਤੇ 3(ਅ) ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਰਾਜ ਸਰਕਾਰ ਦੇ ਸਰਕਾਰੀ ਦਫ਼ਤਰਾਂ, ਜਨਤਕ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਦਫ਼ਤਰਾਂ ਦਾ ਮੁਆਇਨਾ ਕਰਨ ਦਾ ਅਧਿਕਾਰ ਹੋਵੇਗਾ। ਦਫ਼ਤਰ ਦਾ ਦਫ਼ਤਰੀ ਰਿਕਾਰਡ ਰੱਖਣ ਵਾਲੇ ਅਫ਼ਸਰ ਆਪਣੇ ਕਬਜੇ ਹੇਠਲਾ ਸਾਰਾ ਰਿਕਾਰਡ ਮੁਆਇਨਾਂ ਕਰਨ ਵਾਲੇ ਡਾਇਰੈਕਟਰ ਜਾਂ ਅਫ਼ਸਰ ਨੂੰ ਮੁਹੱਈਆ ਕਰਾਉਣਗੇ।'"

(2) ਰਾਜ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

| | | |
|---|---|---|
| 1. | ਸਿੱਖਿਆ ਮੰਤਰੀ, ਪੰਜਾਬ: | ਚੇਅਰਪਰਸਨ |
| 2. | ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਜੀ ਵੱਲੋਂ ਨਾਮਜਦ ਨੁਮਾਇੰਦਾ: | ਮੈਂਬਰ |
| 3. | ਐਡਵੋਕੇਟ ਜਨਰਲ, ਪੰਜਾਬ ਜਾਂ ਉਹਨਾਂ ਦਾ ਨੁਮਾਇੰਦਾ: | ਮੈਂਬਰ |
| 4. | ਸਕੱਤਰ ਸਕੂਲ ਸਿੱਖਿਆ: | ਮੈਂਬਰ |
| 5. | ਸਕੱਤਰ ਉਚੇਰੀ ਸਿੱਖਿਆ: | ਮੈਂਬਰ |
| 6. | ਕਾਨੂੰਨੀ ਮਸ਼ੀਰ ਤੇ ਸਕੱਤਰ, ਪੰਜਾਬ ਸਰਕਾਰ: | ਮੈਂਬਰ |

| | | |
|---|---|---|
| 7. | ਰਾਜ ਸਰਕਾਰ ਵੱਲੋਂ ਨਾਮਜਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ: | ਮੈਂਬਰ |
| 8. | ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ: | ਮੈਂਬਰ |
| 9. | ਰਾਜ ਸਰਕਾਰ ਵੱਲੋਂ ਨਾਮਜਦ ਚਾਰ ਜਨਤਕ ਨੁਮਾਇੰਦੇ: | ਮੈਂਬਰ |
| 10. | ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ: | ਕਨਵੀਨਰ |

3. ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਕਰਵਾਉਣ ਹਿਤ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।

4. ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

*****8-ਸੀ: ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ:** (1) ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

| | | |
|---|---|---|
| 1. | ਮੁੱਖ ਮੰਤਰੀ ਜੀ ਵੱਲੋਂ ਨਾਮਜਦ ਸਬੰਧਤ ਜ਼ਿਲ੍ਹੇ ਦਾ ਇੱਕ ਮੰਤਰੀ ਜਾਂ ਵਿਧਾਇਕ: | ਚੇਅਰਪਰਸਨ |
| 2. | ਡਿਪਟੀ ਕਮਿਸ਼ਨਰ: | ਵਾਈਸ ਚੇਅਰਮੈਨ |
| 3. | ਜ਼ਿਲ੍ਹਾ ਸਿੱਖਿਆ ਅਫਸਰ: | ਮੈਂਬਰ |
| 4. | ਰਾਜ ਸਰਕਾਰ ਵੱਲੋਂ ਨਾਮਜਦ ਜ਼ਿਲ੍ਹੇ ਵਿਚੋਂ: | ਮੈਂਬਰ |
| 5. | ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ: | ਮੈਂਬਰ |
| 6. | ਜ਼ਿਲ੍ਹਾ ਲੋਕ ਸੰਪਰਕ ਅਫਸਰ: | ਮੈਂਬਰ |
| 7. | ਰਾਜ ਸਰਕਾਰ ਵੱਲੋਂ ਨਾਮਜਦ ਦੋ ਜਨਤਕ ਨੁਮਾਇੰਦੇ: | ਮੈਂਬਰ |
| 8. | ਜ਼ਿਲ੍ਹਾ ਅਟਾਰਨੀ: | ਮੈਂਬਰ |
| 9. | ਜ਼ਿਲ੍ਹਾ ਭਾਸ਼ਾ ਅਫਸਰ: | ਕਨਵੀਨਰ |

3. ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

4. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵੱਲੋਂ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।

5. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

***"**ਧਾਰਾ 8(ਸ) ਸਜ਼ਾਵਾਂ-** ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ, 1970 ਦੇ ਤਹਿਤ ਕਾਰਵਾਈ ਕੀਤੇ ਜਾਣ ਦਾ ਭਾਗੀ ਹੋਵੇਗਾ।"

ਉਪਰੋਕਤ ਉਪ ਧਾਰਾ (1) ਤਹਿਤ ਕਸੂਰਵਾਰ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਸਬੰਧਤ ਕੰਪੀਟੈਂਟ ਅਥਾਰਟੀ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀਆਂ ਸਿਫਾਰਸ਼ਾਂ ਅਨੁਸਾਰ ਕਰੇਗੀ।

ਬਸ਼ਰਤੇ ਕਿ ਅਜਿਹੀ ਕਾਰਵਾਈ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣੇ ਜਾਣ ਦਾ ਮੌਕਾ ਦਿੱਤਾ ਜਾਵੇਗਾ।'

9. **1960 ਦਾ ਪੰਜਾਬ ਐਕਟ ਨੰਬਰ 28 ਰੱਦ:** ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਨੂੰ ਰੱਦ ਕੀਤਾ ਜਾਂਦਾ ਹੈ।

---

*1 1969 ਦੇ ਪੰਜਾਬ ਐਕਟ ਨੰਬਰ 11 ਰਾਹੀਂ ਸ਼ਾਮਲ ਕੀਤਾ ਗਿਆ।

**2 1982 ਦੇ ਪੰਜਾਬ ਐਕਟ ਨੰਬਰ 12 ਰਾਹੀਂ ਸ਼ਾਮਲ ਕੀਤਾ ਗਿਆ।

***3 2008 ਦੇ ਪੰਜਾਬ ਐਕਟ ਨੰਬਰ 27 ਰਾਹੀਂ ਸ਼ਾਮਲ ਕੀਤਾ ਗਿਆ। ਇਸ ਸੋਧ ਐਕਟ ਦੀ ਧਾਰਾ 2 ਅਨੁਸਾਰ, ਇਹ ਸੋਧਾਂ, ਇਸ ਦੀ ਧਾਰਾ 3-ਏ ਦੀਆਂ ਵਿਵਸਥਾਵਾਂ ਤੋਂ ਸਿਵਾ (ਜੋ ਕਿ 6 ਮਹੀਨੇ ਦਾ ਸਮਾਂ ਬੀਤ ਜਾਣ ਤੇ ਪ੍ਰਭਾਵ ਵਿਚ ਆਵੇਗੀ), ਇਸ ਦੇ ਆਰੰਭ ਦੀ ਤਾਰੀਖ ਤੋਂ ਲਾਗੂ ਹੋਣਗੀਆਂ।